# ਬੀ ਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ
## (BC Newborn Screening Program)

*ਮਾਪਿਆਂ ਲਈ ਜਾਣਕਾਰੀ ਦੇਣ ਵਾਲੀ ਸ਼ੀਟ*

## ਖੂਨ ਦਾ ਇਕ ਸਾਧਾਰਨ ਟੈੱਸਟ ਤੁਹਾਡੇ ਬੇਬੀ ਦੀ ਜ਼ਿੰਦਗੀ ਬਚਾ ਸਕਦਾ ਹੈ
### A Simple Blood Test Could Save Your Baby's Life



### ਮੇਰੇ ਬੇਬੀ ਨੂੰ ਟੈੱਸਟ ਕਿਉਂ ਕੀਤਾ ਜਾ ਰਿਹਾ ਹੈ?

ਤੁਹਾਡੇ ਬੇਬੀ ਦੇ ਖੂਨ ਦਾ ਇਕ ਛੋਟਾ ਜਿਹਾ ਦਾਗ ਉਸ ਦੀ ਸਿਹਤ ਬਾਰੇ ਮਹੱਤਵਪੂਰਨ ਜਾਣਕਾਰੀ ਲੈਣ ਲਈ ਵਰਤਿਆ ਜਾ ਸਕਦਾ ਹੈ। ਨਵਜਨਮਿਆ ਬੇਬੀ ਤੰਦਰੁਸਤ ਦਿਖਾਈ ਦੇ ਸਕਦਾ ਹੈ ਪਰ ਉਸ ਨੂੰ ਇਕ ਬਹੁਤ ਹੀ ਘੱਟ ਹੋਣ ਵਾਲਾ ਅਤੇ ਗੰਭੀਰ ਵਿਗਾੜ ਹੋ ਸਕਦਾ ਹੈ ਜਿਸ ਬਾਰੇ ਹੋ ਸਕਦਾ ਤੁਸੀਂ ਅਤੇ ਤੁਹਾਡਾ ਡਾਕਟਰ ਜਾਂ ਮਿਡਵਾਈਫ ਨਾ ਜਾਣਦੇ ਹੋਵੋ। ਨਵਜਨਮਿਆਂ ਦੇ ਟੈੱਸਟ ਉਨ੍ਹਾਂ ਬੇਬੀਆਂ ਦਾ ਪਤਾ ਲਾਉਂਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਬਹੁਤ ਘੱਟ ਹੋਣ ਵਾਲੇ ਕਈ ਵਿਗਾੜਾਂ ਵਿੱਚੋਂ ਕੋਈ ਇਕ ਹੋ ਸਕਦਾ ਹੈ। ਜਦੋਂ ਇਨ੍ਹਾਂ ਵਿਗਾੜਾਂ ਦਾ ਅਗੇਤੇ ਹੀ ਪਤਾ ਲਾਇਆ ਅਤੇ ਇਲਾਜ ਕੀਤਾ ਜਾਂਦਾ ਹੈ ਤਾਂ ਬਾਅਦ ਵਿਚ ਜ਼ਿੰਦਗੀ ਵਿਚ ਗੰਭੀਰ ਸਿਹਤ ਸਮੱਸਿਆਵਾਂ ਹੋਣ ਦੇ ਮੌਕਿਆਂ ਤੋਂ ਰੋਕਥਾਮ ਹੋ ਜਾਂਦੀ ਹੈ ਜਾਂ ਇਹ ਘਟ ਜਾਂਦੇ ਹਨ। ਜੇ ਇਲਾਜ ਨਾ ਕੀਤਾ ਜਾਵੇ ਤਾਂ ਇਹ ਵਿਗਾੜ ਗੰਭੀਰ ਦਿਮਾਗੀ ਅਪਾਹਜਤਾ, ਵਾਧੇ ਦੀਆਂ ਸਮੱਸਿਆਵਾਂ, ਸਿਹਤ ਸਮੱਸਿਆਵਾਂ ਅਤੇ ਛੋਟੇ ਬੱਚੇ ਦੀ ਅਚਾਨਕ ਮੌਤ ਦਾ ਕਾਰਨ ਬਣ ਸਕਦੇ ਹਨ।

ਬ੍ਰਿਟਿਸ਼ ਕੋਲੰਬੀਆ ਵਿਚ ਹਰ ਸਾਲ ਤਕਰੀਬਨ 55 ਬੇਬੀ (ਹਰ 800 ਪਿੱਛੇ 1) ਅਜਿਹੇ ਪੈਦਾ ਹੁੰਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਬਹੁਤ ਘੱਟ ਹੋਣ ਵਾਲੇ ਵਿਗਾੜਾਂ ਵਿੱਚੋਂ ਕੋਈ ਹੁੰਦਾ ਹੈ।

### ਮੇਰੇ ਬੇਬੀ ਦਾ ਟੈੱਸਟ ਕਿਵੇਂ ਕੀਤਾ ਜਾਂਦਾ ਹੈ?

ਤੁਹਾਡੇ ਬੇਬੀ ਦੀ ਅੱਡੀ ਵਿਚ ਚੋਭ ਲਾਈ ਜਾਂਦੀ ਹੈ ਅਤੇ ਖੂਨ ਦੇ ਕੁਝ ਤੁਪਕੇ ਲਏ ਜਾਂਦੇ ਹਨ ਅਤੇ ਇਕ ਸਪੈਸ਼ਲ ਕਾਰਡ ਉੱਪਰ ਲਾਏ ਜਾਂਦੇ ਹਨ। ਤੁਹਾਡਾ ਬੇਬੀ ਰੋ ਸਕਦਾ ਹੈ, ਪਰ ਖੂਨ ਦਾ ਨਮੂਨਾ ਲੈਣਾ ਤੁਹਾਡੇ ਬੇਬੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ। ਖੂਨ ਲੈਣ ਵੇਲੇ ਤੁਸੀਂ ਆਪਣੇ ਬੇਬੀ ਨੂੰ ਫੜ ਕੇ ਅਤੇ ਦੁੱਧ ਚੁੰਘਾ ਕੇ ਉਸ ਨੂੰ ਦਿਲਾਸਾ ਦੇ ਸਕਦੇ ਹੋ। ਖੂਨ ਦਾ ਨਮੂਨਾ ਬੀ ਸੀ ਚਿਲਡਰਨਜ਼ ਹਸਪਤਾਲ ਦੀ ਲੈਬਾਰਟਰੀ ਨੂੰ ਟੈੱਸਟ ਕਰਨ ਲਈ ਭੇਜਿਆ ਜਾਂਦਾ ਹੈ। ਖੂਨ ਦਾ ਇਹ ਇੱਕੋ ਨਮੂਨਾ ਸਾਰੇ ਵਿਗਾੜਾਂ (ਡਿਸਔਰਡਰਜ਼) ਲਈ ਟੈੱਸਟ ਕਰਨ ਲਈ ਵਰਤਿਆ ਜਾਂਦਾ ਹੈ।

### ਜਨਮ ਤੋਂ ਕਿੰਨੇ ਸਮੇਂ ਬਾਅਦ ਮੇਰੇ ਬੇਬੀ ਦਾ ਟੈੱਸਟ ਕੀਤਾ ਜਾਵੇਗਾ?

ਖੂਨ ਦਾ ਨਮੂਨਾ ਆਮ ਤੌਰ 'ਤੇ ਜਨਮ ਤੋਂ ਬਾਅਦ 24 ਤੋਂ 48 ਘੰਟਿਆਂ ਦੇ ਵਿਚ ਵਿਚ ਲਿਆ ਜਾਂਦਾ ਹੈ। ਇਹ ਤੁਹਾਡੇ ਬੇਬੀ ਦੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਕੀਤਾ ਜਾਵੇਗਾ, ਜਾਂ ਜੇ ਤੁਹਾਡੇ ਬੱਚੇ ਦਾ ਜਨਮ ਘਰ ਵਿਚ ਹੋਇਆ ਹੈ ਤਾਂ ਤੁਹਾਡੀ ਮਿਡਵਾਈਫ ਵਲੋਂ ਘਰ ਵਿਚ ਕੀਤਾ ਜਾਵੇਗਾ।

### ਜੇ ਮੇਰਾ ਬੇਬੀ 24 ਘੰਟੇ ਦਾ ਹੋਣ ਤੋਂ ਪਹਿਲਾਂ ਹੀ ਘਰ ਚਲਿਆ ਜਾਵੇ ਤਾਂ ਕੀ ਹੋਵੇਗਾ?

ਖੂਨ ਦਾ ਨਮੂਨਾ ਅਜੇ ਵੀ ਜਾਣ ਤੋਂ ਪਹਿਲਾਂ ਹਸਪਤਾਲ ਵਿਚ ਲਿਆ ਜਾਵੇਗਾ। ਖੂਨ ਦੇ ਇਸ ਨਮੂਨੇ ਦੀ ਵਰਤੋਂ ਨਾਲ 80 ਪ੍ਰਤੀਸ਼ਤ ਤੋਂ ਜ਼ਿਆਦਾ ਵਿਗਾੜਾਂ ਦਾ ਟੈੱਸਟ ਕੀਤਾ ਜਾ ਸਕਦਾ ਹੈ। ਤੁਹਾਨੂੰ ਇਹ ਹਿਦਾਇਤਾਂ ਦਿੱਤੀਆਂ ਜਾਣਗੀਆਂ ਕਿ 2 ਹਫਤਿਆਂ ਦੇ ਵਿਚ ਵਿਚ ਨਮੂਨਾ ਦੁਬਾਰਾ ਕਿਵੇਂ ਲਿਆ ਜਾਵੇਗਾ। ਦੂਜਾ ਨਮੂਨਾ ਲੈਣ ਦਾ ਮੰਤਵ ਇਕ ਵਾਰੀ ਫਿਰ ਕੁਝ ਉਹ ਵਿਗਾੜ ਚੈੱਕ ਕਰਨਾ ਹੈ ਜਿਹੜੇ ਪਹਿਲੇ ਟੈੱਸਟ ਵਿਚ ਖੁੰਝ ਗਏ ਹੋ ਸਕਦੇ ਹਨ।

### ਕੀ ਮੈਂ ਉਡੀਕ ਕਰ ਸਕਦੀ ਹਾਂ ਅਤੇ ਆਪਣੇ ਬੇਬੀ ਦਾ ਬਾਅਦ ਵਿਚ ਟੈੱਸਟ ਕਰਵਾ ਸਕਦੀ ਹਾਂ?

ਇਲਾਜ ਯੋਗ ਇਨ੍ਹਾਂ ਵਿਗਾੜਾਂ ਦਾ ਜਿੰਨਾ ਛੇਤੀ ਪਤਾ ਲੱਗੇਗਾ, ਓਨਾ ਬਿਹਤਰ ਹੀ ਇਨ੍ਹਾਂ ਵਿਗਾੜਾਂ ਵਾਲੇ ਬੇਬੀਆਂ ਲਈ ਬਿਹਤਰ ਨਤੀਜੇ ਨਿਕਲਣਗੇ। ਇਹ ਜ਼ੋਰਦਾਰ ਸਲਾਹ ਦਿੱਤੀ ਜਾਂਦੀ ਹੈ ਕਿ ਤੁਹਾਡਾ ਬੇਬੀ ਖੂਨ ਦਾ ਨਮੂਨਾ ਦਿੱਤੇ ਬਿਨਾਂ ਹਸਪਤਾਲ ਤੋਂ ਨਾ ਜਾਵੇ। ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਬੇਬੀ ਦੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਉਸ ਦੇ ਖੂਨ ਦਾ ਨਮੂਨਾ ਲਿਆ ਜਾਵੇ ਤਾਂ ਤੁਹਾਨੂੰ ਇਹ ਦਿਖਾਉਣ ਲਈ ਇਕ ਫਾਰਮ 'ਤੇ ਦਸਖਤ ਕਰਨ ਲਈ ਕਿਹਾ ਜਾਵੇਗਾ ਕਿ ਤੁਸੀਂ ਟੈੱਸਟ ਦੇ ਕਾਰਨ ਅਤੇ ਆਪਣੇ ਬੇਬੀ ਲਈ ਸੰਭਵ ਨਤੀਜੇ ਨੂੰ ਸਮਝਦੇ ਹੋ ਜੇ ਤੁਹਾਡੇ ਬੇਬੀ ਦਾ ਟੈੱਸਟ ਨਹੀਂ ਕੀਤਾ ਜਾਂਦਾ ਹੈ ਅਤੇ ਉਸ ਨੂੰ ਇਨ੍ਹਾਂ ਵਿੱਚੋਂ ਕੋਈ ਇਕ ਵਿਗਾੜ ਹੈ।

ਜੇ ਤੁਹਾਡਾ ਬੇਬੀ ਕਿਸੇ ਰਜਿਸਟਰਡ ਮਿਡਵਾਈਫ ਦੀ ਸੰਭਾਲ ਹੇਠ ਹੈ ਤਾਂ ਮਿਡਵਾਈਫ ਘਰ ਵਿਚ ਖੂਨ ਦਾ ਨਮੂਨਾ ਲਏ ਜਾਣ ਬਾਰੇ ਤੁਹਾਡੇ ਨਾਲ ਗੱਲ ਕਰ ਸਕਦੀ ਹੈ।

### ਟੈੱਸਟ ਦੇ ਨਤੀਜਿਆਂ ਬਾਰੇ ਮੈਨੂੰ ਕਿਵੇਂ ਪਤਾ ਲੱਗੇਗਾ?

ਤੁਹਾਡੇ ਬੇਬੀ ਦੇ ਟੈੱਸਟ ਦੇ ਨਤੀਜਿਆਂ ਦੀ ਰਿਪੋਰਟ ਤੁਹਾਡੇ ਬੇਬੀ ਦੇ ਡਾਕਟਰ ਜਾਂ ਮਿਡਵਾਈਫ ਨੂੰ ਦਿੱਤੀ ਜਾਵੇਗੀ।

### ਜੇ ਟੈੱਸਟ ਨੈਗਟਿਵ ਆਵੇ ਤਾਂ ਇਸ ਦਾ ਕੀ ਮਤਲਬ ਹੈ?

ਨੈਗਟਿਵ ਟੈੱਸਟ ਦਾ ਮਤਲਬ ਹੈ ਕਿ ਤੁਹਾਡੇ ਬੇਬੀ ਵਿਚ ਇਨ੍ਹਾਂ ਵਿੱਚੋਂ ਕੋਈ ਵਿਗਾੜ ਹੋਣ ਦੇ ਮੌਕੇ ਬਹੁਤ ਘੱਟ ਹਨ। ਬਹੁਤ ਹੀ ਘੱਟ ਵਾਰੀ, ਟੈੱਸਟ ਇਨ੍ਹਾਂ ਵਿਗਾੜਾਂ ਵਿੱਚੋਂ ਕੋਈ ਵਿਗਾੜ ਬੇਬੀ ਵਿਚ ਪਤਾ ਲਾਉਣ ਤੋਂ ਖੁੰਝ ਸਕਦਾ ਹੈ।

### ਜੇ ਟੈੱਸਟ ਪੌਜ਼ਟਿਵ ਆਵੇ ਤਾਂ ਇਸ ਦਾ ਕੀ ਮਤਲਬ ਹੈ ਅਤੇ ਅਗਾਂਹ ਕੀ ਹੁੰਦਾ ਹੈ?

ਪੌਜ਼ਟਿਵ ਟੈੱਸਟ ਦਾ ਮਤਲਬ ਹੈ ਕਿ ਕੋਈ ਸਮੱਸਿਆ ਹੋ ਸਕਦੀ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੇਬੀ ਨੂੰ ਇਨ੍ਹਾਂ ਵਿਗਾੜਾਂ ਵਿੱਚੋਂ ਕੋਈ ਹੈ ਪਰ ਇਹ ਸੰਭਵ ਹੈ। ਪੱਕਾ ਪਤਾ ਲਾਉਣ ਲਈ ਹੋਰ ਟੈੱਸਟ ਕਰਨ ਦੀ ਲੋੜ ਹੁੰਦੀ ਹੈ।

ਬੀ ਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ, ਬੀ ਸੀ ਵਿਮਨਜ਼ ਹੌਸਪੀਟਲ ਐਂਡ ਹੈਲਥ ਸੈਂਟਰ, ਬੀ ਸੀ ਚਿਲਡਰਨਜ਼ ਹੌਸਪੀਟਲ ਅਤੇ ਪ੍ਰੀਨੇਟਲ ਸਰਵਿਸਿਜ਼ ਬੀ ਸੀ ਦਾ ਇਕ ਸਾਂਝਾ ਪ੍ਰੋਗਰਾਮ ਹੈ ਜੋ ਕਿ ਸਾਰੇ ਸੂਬਾਈ ਹੈਲਥ ਸਰਵਿਸਿਜ਼ ਅਥਾਰਟੀ ਦਾ ਹਿੱਸਾ ਹਨ।

Provincial Health Services Authority
Province-wide solutions. Better health.

## ਨਵਜਨਮੇ ਬੱਚਿਆਂ ਦੇ ਟੈੱਸਟ ਵਿਚ ਕਿਹੜੇ ਕਿਹੜੇ ਵਿਗਾੜ ਸ਼ਾਮਲ ਹਨ?

ਬ੍ਰਿਟਿਸ਼ ਕੋਲੰਬੀਆ ਵਿਚ, ਬੇਬੀਆਂ ਦੇ ਕਈ ਬਹੁਤ ਘੱਟ ਹੋਣ ਵਾਲੇ ਇਲਾਜ ਯੋਗ ਵਿਗਾੜਾਂ ਦੇ ਟੈਸਟ ਕੀਤੇ ਜਾਂਦੇ ਹਨ।

**ਮੈਟਾਬੌਲਿਕ ਵਿਗਾੜ।** ਇਹ ਉਦੋਂ ਹੁੰਦਾ ਹੈ ਜਦੋਂ ਸਰੀਰ ਫੈਟਸ, ਪ੍ਰੋਟੀਨਜ਼ ਜਾਂ ਸ਼ੂਗਰਾਂ ਵਰਗੇ ਖਾਣਿਆਂ ਵਿਚਲੇ ਖਾਸ ਤੱਤਾਂ ਨੂੰ ਪਚਾਉਣ (ਮੈਟਾਬੌਲਾਈਜ਼ ਕਰਨ) ਦੇ ਯੋਗ ਨਹੀਂ ਹੁੰਦਾ ਹੈ। ਇਹ ਤੱਤ ਸਰੀਰ ਵਿਚ ਜਮ੍ਹਾਂ ਹੋ ਸਕਦੇ ਹਨ ਅਤੇ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦੇ ਹਨ। ਸਿਹਤ ਦੀਆਂ ਗੰਭੀਰ ਸਮੱਸਿਆਵਾਂ ਤੋਂ ਆਮ ਤੌਰ 'ਤੇ ਅਗੇਤੇ ਇਲਾਜ ਨਾਲ ਰੋਕਥਾਮ ਕੀਤੀ ਜਾ ਸਕਦੀ ਹੈ।

**ਇੰਡੋਕਰਿਨ ਵਿਗਾੜ।** ਥਾਇਰੌਇਡ ਜਾਂ ਅਡਰੀਨਲ ਗਲੈਂਡਜ਼ ਦੇ ਇੰਡੋਕਰਿਨ ਵਿਗਾੜਾਂ ਵਾਲੇ ਬੇਬੀ ਕੁਝ ਹਾਰਮੋਨ ਬਹੁਤ ਘੱਟ ਬਣਾਉਂਦੇ ਹਨ। ਇਨ੍ਹਾਂ ਵਿਗਾੜਾਂ ਵਾਲੇ ਬੇਬੀਆਂ ਨੂੰ ਉਨ੍ਹਾਂ ਹਾਰਮੋਨਾਂ ਦੀ ਥਾਂ 'ਤੇ ਹਾਰਮੋਨ ਮਿਲ ਸਕਦੇ ਹਨ ਜਿਹੜੇ ਉਨ੍ਹਾਂ ਦੇ ਸਰੀਰ ਬਣਾ ਨਹੀਂ ਸਕਦੇ। ਥਾਇਰੌਇਡ ਹਾਰਮੋਨ ਦੀ ਘਾਟ ਪੂਰੀ ਕਰਨ ਨਾਲ ਵਾਧੇ ਦੀਆਂ ਸਮੱਸਿਆਵਾਂ ਅਤੇ ਦਿਮਾਗੀ ਮੱਠੇਪਣ ਤੋਂ ਰੋਕਥਾਮ ਹੁੰਦੀ ਹੈ। ਅਡਰੀਨਲ ਗਲੈਂਡ ਹਾਰਮੋਨਾਂ ਦੀ ਘਾਟ ਪੂਰੀ ਕਰਨ ਨਾਲ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਤੋਂ ਰੋਕਥਾਮ ਹੋ ਸਕਦੀ ਹੈ ਜਿਵੇਂ ਕਿ ਅਧਰੰਗ ਜਾਂ ਅਣਚਿਤਵੀ ਮੌਤ ਹੋਣਾ।

**ਖੂਨ ਦੇ ਵਿਗਾੜ:** ਖੂਨ ਦੇ ਵਿਗਾੜ ਉਦੋਂ ਪੈਦਾ ਹੁੰਦੇ ਹਨ ਜਦੋਂ ਖੂਨ ਦੇ ਲਾਲ ਸੈੱਲਾਂ ਦਾ ਸਾਰੇ ਸਰੀਰ ਵਿਚ ਆਕਸੀਜਨ (ਹੀਮੋਗਲੋਬਿਨ) ਲਿਜਾਣ ਵਾਲਾ ਹਿੱਸਾ ਬਦਲ ਜਾਂਦਾ ਹੈ। ਹੀਮੋਗਲੋਬਿਨ ਜ਼ਰੂਰੀ ਹੈ ਕਿਉਂਕਿ ਇਹ ਫੇਫੜਿਆਂ ਵਿੱਚੋਂ ਆਕਸੀਜਨ ਚੁੱਕਦਾ ਹੈ ਅਤੇ ਸਰੀਰ ਦੇ ਹੋਰ ਹਿੱਸਿਆਂ ਵਿਚ ਲੈ ਕੇ ਜਾਂਦਾ ਹੈ। ਦਵਾਈਆਂ ਅਤੇ ਖਾਸ ਇਲਾਜਾਂ ਰਾਹੀਂ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਤੋਂ ਰੋਕਥਾਮ ਕੀਤੀ ਜਾ ਸਕਦੀ ਹੈ।

**ਸਿਸਟਿਕ ਫਾਇਬਰੋਸਿਸ।** ਸਿਸਟਿਕ ਫਾਇਬਰੋਸਿਸ (ਸੀ ਐੱਫ) ਇਕ ਜਮਾਂਦਰੂ ਜ਼ਿੰਦਗੀ ਨੂੰ ਸੀਮਤ ਕਰਨ ਵਾਲਾ ਵਿਗਾੜ ਹੈ। ਇਸ ਨਾਲ ਫੇਫੜਿਆਂ, ਪਾਚਕ (ਡਾਇਜੈਸਟਿਵ) ਸਿਸਟਮ (ਅਤੇ ਪੈਂਕਰੀਅਸ) ਅਤੇ ਹੋਰ ਅੰਗਾਂ ਵਿਚ ਸੰਘਣੀ ਬਲਗਮ ਜਮ੍ਹਾਂ ਹੋ ਜਾਂਦੀ ਹੈ। ਸੀ ਐੱਫ ਵਾਲੇ ਬਹੁਤੇ ਲੋਕਾਂ ਨੂੰ ਆਮ ਹੀ ਛਾਤੀ ਦੀਆਂ ਇਨਫੈਕਸ਼ਨਾਂ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਆਪਣਾ ਖਾਣਾ ਪਚਾਉਣ ਵਿਚ ਵੀ ਸਮੱਸਿਆਵਾਂ ਆਉਂਦੀਆਂ ਹਨ ਅਤੇ, ਨਤੀਜੇ ਵਜੋਂ, ਸ਼ਾਇਦ ਉਨ੍ਹਾਂ ਦਾ ਭਾਰ ਓਨੀ ਚੰਗੀ ਤਰ੍ਹਾਂ ਨਾ ਵਧੇ ਜਿਵੇਂ ਵਧਣਾ ਚਾਹੀਦਾ ਹੈ। ਅਗੇਤਾ ਇਲਾਜ ਦਵਾਈਆਂ ਅਤੇ ਫਿਜ਼ੀਕਲ ਥੈਰੇਪੀ ਨਾਲ ਸ਼ੁਰੂ ਕੀਤਾ ਜਾ ਸਕਦਾ ਹੈ ਜਿਹੜਾ ਸਿਸਟਿਕ ਫਾਇਬਰੋਸਿਸ ਵਾਲੇ ਬੇਬੀਆਂ ਦੀ ਖਾਣਾ ਪਚਾਉਣ ਵਿਚ ਮਦਦ ਕਰਦਾ ਹੈ ਅਤੇ ਉਨ੍ਹਾਂ ਦੇ ਫੇਫੜਿਆਂ ਨੂੰ ਬਲਗਮ ਤੋਂ ਸਾਫ ਰੱਖਦਾ ਹੈ। ਸੀ ਐੱਫ, ਬੀ ਸੀ ਵਿਚਲੇ ਤਕਰੀਬਨ ਹਰ 3,600 ਬੇਬੀਆਂ ਵਿੱਚੋਂ 1 ਉੱਪਰ ਅਸਰ ਪਾਉਂਦਾ ਹੈ।

## ਜੇ ਨਤੀਜੇ ਇਹ ਦਿਖਾਉਂਦੇ ਹੋਣ ਕਿ ਸਾਰੇ ਟੈੱਸਟਾਂ ਤੋਂ ਬਾਅਦ ਮੇਰੇ ਬੇਬੀ ਨੂੰ ਇਨ੍ਹਾਂ ਵਿਗਾੜਾਂ ਵਿੱਚੋਂ ਇਕ ਹੈ ਤਾਂ ਕੀ ਹੋਵੇਗਾ?

ਤੁਹਾਡੇ ਬੇਬੀ ਨੂੰ ਅਜਿਹੇ ਡਾਕਟਰ ਤੋਂ ਇਲਾਜ ਦੀ ਲੋੜ ਪਵੇਗੀ ਜਿਹੜਾ ਉਸ ਵਿਗਾੜ ਦਾ ਇਲਾਜ ਕਰਨ ਵਿਚ ਮਾਹਰ ਹੈ। ਤੁਹਾਨੂੰ ਫੌਰਨ ਸਪੈਸ਼ਲਿਸਟ ਕੋਲ ਭੇਜਿਆ ਜਾਵੇਗਾ। ਇਲਾਜ ਕੁਝ ਹੀ ਦਿਨਾਂ ਵਿਚ ਸ਼ੁਰੂ ਹੋ ਸਕਦਾ ਹੈ।

## ਟੈੱਸਟ ਪੂਰੇ ਕਰਨ ਤੋਂ ਬਾਅਦ ਖੂਨ ਦੇ ਦਾਗ ਵਾਲੇ ਮੇਰੇ ਬੇਬੀ ਦੇ ਕਾਰਡ ਦਾ ਕੀ ਬਣਦਾ ਹੈ?

ਬਚੇ ਖੂਨ ਨਾਲ ਤੁਹਾਡੇ ਬੇਬੀ ਦਾ ਕਾਰਡ ਬੀ ਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ ਵਲੋਂ 10 ਸਾਲਾਂ ਲਈ ਇਕ ਸੁਰੱਖਿਅਤ ਸਟੋਰੇਜ ਵਿਚ ਰੱਖਿਆ ਜਾਵੇਗਾ। ਕਦੇ ਕਦੇ, ਖੂਨ ਦੇ ਸੁੱਕੇ ਦਾਗ ਦੇ ਨਮੂਨੇ ਟੈੱਸਟ ਖਤਮ ਹੋ ਜਾਣ ਤੋਂ ਬਾਅਦ ਹੋਰ ਮੰਤਵਾਂ ਲਈ ਵਰਤੇ ਜਾਣਗੇ। ਇਨ੍ਹਾਂ ਵਿਚ ਸ਼ਾਮਲ ਹੈ (1) ਦੁਬਾਰਾ ਟੈੱਸਟ ਕਰਨਾ ਜੇ ਪਹਿਲੇ ਟੈੱਸਟ ਦੇ ਨਤੀਜੇ ਸਪਸ਼ਟ ਨਾ ਹੋਣ; (2) ਕਿਸੇ ਉਸ ਸਿਹਤ ਸਮੱਸਿਆ ਦਾ ਕਾਰਨ ਪਤਾ ਲਾਉਣ ਦੀ ਕੋਸ਼ਿਸ਼ ਕਰਨਾ ਜਿਹੜੀ ਬੱਚੇ ਦੀ ਜ਼ਿੰਦਗੀ ਵਿਚ ਬਾਅਦ ਵਿਚ ਪੈਦਾ ਹੋਈ ਹੈ ਜਾਂ ਕਿਸੇ ਬੱਚੇ ਦੀ ਭੇਦਭਰੀ ਬੀਮਾਰੀ ਜਾਂ ਮੌਤ ਦੇ ਕਾਰਨ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਨਾ; (3) ਲੈਬਾਰਟਰੀ ਵਲੋਂ ਕੀਤੇ ਗਏ ਟੈੱਸਟਾਂ ਦੀ ਕੁਆਲਟੀ ਚੈੱਕ ਕਰਨਾ ਤਾਂ ਜੋ ਇਹ ਪੱਕਾ ਹੋਵੇ ਕਿ ਨਤੀਜੇ ਸਹੀ ਹਨ; ਅਤੇ (4) ਵਿਗਾੜਾਂ ਦੀ ਜਾਂਚ ਲਈ ਬਿਹਤਰ ਟੈੱਸਟ ਵਿਕਸਤ ਕਰਨਾ। ਨਮੂਨੇ ਸਿਹਤ ਸੰਬੰਧੀ ਖੋਜ ਲਈ ਵੀ ਵਰਤੇ ਜਾ ਸਕਦੇ ਹਨ ਜੇ ਖੋਜ ਕਲਿਨੀਕਲ ਰੀਸਰਚ ਐਥਿਕਸ ਬੋਰਡ ਵਲੋਂ ਮਨਜ਼ੂਰ ਕੀਤੀ ਜਾਂਦੀ ਹੈ। ਇਨ੍ਹਾਂ ਕੇਸਾਂ ਵਿਚ, ਬੇਬੀ ਦੀ ਪਛਾਣ ਕਰ ਸਕਣ ਵਾਲੀ ਸਾਰੀ ਜਾਣਕਾਰੀ ਹਟਾ ਦਿੱਤੀ ਜਾਂਦੀ ਹੈ।

ਜੇ ਤੁਸੀਂ ਇਹ ਨਾ ਚਾਹੁੰਦੇ ਹੋਵੋ ਕਿ ਬੇਬੀ ਦੇ ਖੂਨ ਦੇ ਨਮੂਨੇ ਵਾਲਾ ਸਾਂਭਿਆ ਹੋਇਆ ਕਾਰਡ ਇਨ੍ਹਾਂ ਮੰਤਵਾਂ ਲਈ ਵਰਤਿਆ ਜਾਵੇ ਤਾਂ ਤੁਸੀਂ ਡਾਇਰੈਕਟਿਵ ਟੂ ਡਿਸਟਰੌਏ ਲੈਫਟਓਵਰ ਨਿਊਬੌਰਨ ਸਕਰੀਨਿੰਗ ਬਲੱਡ ਸੈਂਪਲਜ਼ ਨਾਂ ਦਾ ਇਕ ਫਾਰਮ ਭਰ ਸਕਦੇ ਹੋ ਅਤੇ ਬੀ ਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ ਨੂੰ ਭੇਜ ਸਕਦੇ ਹੋ। ਵੇਰਵਿਆਂ ਲਈ ਵੈੱਬਸਾਈਟ ਦੇਖੋ।

## ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੋਵੇ:

ਆਪਣੇ ਡਾਕਟਰ ਜਾਂ ਮਿਡਵਾਈਫ ਨਾਲ ਗੱਲ ਕਰੋ।
www.newbornscreeningbc.ca 'ਤੇ ਨਿਊਬੌਰਨ ਸਕਰੀਨਿੰਗ ਵੈੱਬਸਾਈਟ 'ਤੇ ਜਾਉ।

### ਅਸੀਂ ਨਿੱਜੀ ਜਾਣਕਾਰੀ ਦੀ ਪ੍ਰਾਈਵੇਸੀ ਦੀ ਰੱਖਿਆ ਕਰਨ ਲਈ ਵਚਨਬੱਧ ਹਾਂ:

ਬੀ ਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ, ਨਿੱਜੀ ਜਾਣਕਾਰੀ ਨੂੰ ਇਕੱਤਰ ਕਰਨਾ, ਵਰਤਣਾ ਅਤੇ ਜ਼ਾਹਰ ਕਰਨਾ ਸਿਰਫ ਬੀ ਸੀ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਸੈਕਸ਼ਨ 26 (ਸੀ) ਅਤੇ ਹੋਰ ਕਾਨੂੰਨਾਂ ਹੇਠ ਹੀ ਕਰਦਾ ਹੈ। ਇਹ ਪੱਕਾ ਕਰਨ ਲਈ ਅਸੀਂ ਸਾਰੇ ਵਾਜਬ ਕਦਮ ਚੁੱਕਦੇ ਹਾਂ ਕਿ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਿਆ ਜਾ ਰਿਹਾ ਹੈ, ਇਹ ਸਿਰਫ ਮਿੱਥੇ ਗਏ ਮੰਤਵ ਲਈ ਵਰਤੀ ਜਾ ਰਹੀ ਹੈ ਅਤੇ ਸੁਰੱਖਿਅਤ ਤਰੀਕੇ ਨਾਲ ਸਾਂਭੀ ਜਾ ਰਹੀ ਹੈ। ਤੁਹਾਡੇ ਬੇਬੀ ਦੀ ਨਿੱਜੀ ਜਾਣਕਾਰੀ ਇਕੱਤਰ ਕਰਨ, ਵਰਤਣ ਜਾਂ ਜ਼ਾਹਰ ਕਰਨ ਦੇ ਸੰਬੰਧ ਵਿਚ ਸਵਾਲਾਂ ਲਈ, ਕਿਰਪਾ ਕਰਕੇ ਮੈਡੀਕਲ ਡਾਇਰੈਕਟਰ, ਨਿਊਬੌਰਨ ਸਕਰੀਨਿੰਗ ਪ੍ਰੋਗਰਾਮ ਨਾਲ 604-875-2148 'ਤੇ ਜਾਂ ਬਿਜ਼ਨਸ ਐਡਰੈਸ 'ਤੇ ਸੰਪਰਕ ਕਰੋ: BC Children's Hospital Newborn Screening Laboratory, Department of Pathology 4480 Oak Street, Room 2F27 Vancouver, BC V6H 3V4.

Revised April 2018 [Punjabi]